# ਯਿਸ਼ੂ ਨੇ ਇੱਕ ਅੰਨੇ ਆਦਮੀ ਨੂੰ ਚੰਗਾ ਕੀਤਾ, ਜਿਹਨੂੰ ਪਰਮੇਸ਼ਵਰ ਵਿੱਚ ਵਿਸ਼ਵਾਸ ਸੀ।

ਬੱਚਿਆਂ ਦੀਆਂ ਗਤੀਵਿਧੀਆਂ ਵਿੱਚ ਕੁਝ ਵੀ ਚੁਣ ਲਉ।

**ਪ੍ਰਾਰਥਨਾ:**– ਪਿਆਰੇ ਪਰਮੇਸ਼ਵਰ, ਸਾਡੀ ਮੱਦਦ ਕਰੋ ਕਿ ਅਸੀ ਤੁਹਾਡੇ ਵਿੱਚ ਵਿਸ਼ਵਾਸ ਕਰੀਏ, ਜਿਵੇ ਬਰਤਿਮਾਈ ਨੇ ਕੀਤਾ। ਅਤੇ ਇੱਕ ਮਜਬੂਤ ਵਿਸ਼ਵਾਸ ਤੁਹਾਡੀ ਚੰਗਾ ਕਰਨ ਦੀ ਤਾਕਤ ਵਿੱਚ ਅਤੇ ਸਾਡੇ ਪਾਪਾ ਨੂੰ ਮਾਫ ਕਰ ਦੇਣ ਵਿੱਚ ਰੱਖੀਏ।

ਮਰਕੁਸ 10:46–52 ਵਿੱਚ ਯਿਸ਼ੂ ਨੇ ਇੱਕ ਅੰਨੇ ਆਦਮੀ ਨੂੰ ਚੰਗਾ ਕੀਤਾ, ਉਹ ਜਿਹਨੂੰ ਵਿਸ਼ਵਾਸ ਸੀ।

ਕਹਾਣੀ ਦੱਸਣ ਤੋਂ ਪਹਿਲਾ, ਬੱਚਿਆਂ ਨੂੰ ਆਖੋ ਕਿ ਉਹ ਸੁਣਨ। ਅਤੇ ਲੱਭਣ ਕਿ ਯਿਸ਼ੂ ਕਿਵੇ ਨੇ ਬਰਤਿਮਾਈ ਨੂੰ ਚੰਗਾ ਕੀਤਾ।

ਕਹਾਣੀ ਦੱਸਣ (ਸੁਨਾਣ) ਤੋਂ ਬਾਦ, ਬੱਚਿਆਂ ਨੂੰ ਪੁੱਛੋ।

- ਬਰਤਿਮਾਈ ਨੇ ਕੀ ਕੀਤਾ, ਜਦੋ ਉਹਨੇ ਯਿਸ਼ੂ ਨੂੰ ਬਾਹਰ ਆਉਦੇ ਦੇਖਿਆ ਸੀ?
- ਬਰਤਿਮਾਈ ਦੇ ਆਲੇ ਦੁਆਲੇ ਲੋਕੀ ਉਹਨੂੰ ਕੀ ਕਰਨ ਲਈ ਆਖ ਰਹੇ ਸਨ?
- ਯੀਸ਼ੂ ਨੇ ਕੀ ਕੀਤਾ, ਜਦੋ ਉਹਨੇ ਬਰਤਿਮਾਈ ਨੂੰ ਬੁਲਾਉਦੇ ਸੁਣਿਆ?
- ਯਿਸ਼ੂ ਨੇ ਬਰਤਿਮਾਈ ਨੂੰ ਕੀ ਕਰਨ ਲਈ ਕਿਹਾ?
- ਕਿਉ ਯਿਸ਼ੂ ਨੇ ਬਰਤਿਮਾਈ ਨੂੰ ਚੰਗਾ ਕੀਤਾ?

**ਗਤੀਵਿਧੀ** : ਕੁਝ ਬੱਚਿਆਂ ਦੀਆਂ ਅੱਖਾਂ ਢੱਕ ਦਿਉ ਕਿ ਉਹ ਬਰਤਿਮਾਈ ਹੋਣ ਦਾ ਦਿਖਾਵਾ ਕਰਨ।

- ਉਨ੍ਹਾਂ ਨੂੰ ਪੁੱਛੋ, ਇਹ ਕਿਸ ਤਰ੍ਹਾਂ ਦਾ ਮਹਿਸੂਸ ਹੁੰਦਾ ਹੈ?
- ਦੂਜੇ ਬੱਚੇ ਬਰਤਿਮਾਈ ਦਾ ਆਲੇ ਦੁਆਲੇ ਦੇ ਲੋਕਾਂ ਨੂੰ ਦਿਖਾਉਣ ਦਾ ਦਿਖਾਵਾ ਕਰਨ। ਉਹ ਕਿਹੜੀਆਂ ਚੀਜ਼ਾਂ ਕਰਨ ਦੀ ਕੋਸ਼ਿਸ਼ ਕਰਨ ਕਿ ਜਿਹੜੀਆ ਬਰਤਿਮਾਈ ਨੂੰ ਚੁੱਪ ਕਰਾ ਸੱਕਣ? (ਉੱਤਰ ਉਹਨਾ ਨੂੰ ਇਸ ਤਰ੍ਹਾਂ ਦੀਆਂ ਚੀਜ਼ਾਂ ਲਈ ਆਖਣਾ ਚਾਹੀਦਾ ਹੈ, ''ਯਿਸ਼ੂ ਬੜਾ ਹੀ ਰੁਝਿਆ ਹੋਇਆ ਹੈ।'' ''ਯਿਸ਼ੂ ਤੈਨੂੰ ਨਹੀ ਜਾਣਦਾ।'' ''ਤੇ ਤੇਰਾ ਅੰਨਾਪਣ ਤੇਰੇ ਆਪਣੇ ਪਾਪਾ ਦਾ ਫੈਸਲਾ ਹੈ।'' ''ਤੂੰ ਯਿਸ਼ੂ ਲਈ ਜਿਆਦਾ ਮਹੱਤਵਪੂਰਨ ਨਹੀ ਹੈ।''
- ਸੋਚੋ ਇੰਨ੍ਹਾਂ ਉੱਤਰ ਬਾਰੇ, ਜਿਹੜੇ ਤੁਸੀ ਉਨ੍ਹਾਂ ਲੋਕਾਂ ਬਾਰੇ ਕਹਿ ਰਹੇ ਹੋ ਜਿੰਨ੍ਹਾਂ ਨੇ ਇਸ ਤਰ੍ਹਾਂ ਦੀਆਂ ਚੀਜ਼ਾਂ ਕਹੀਆਂ। ਮੁਰਕੁਸ 10:46–52 ਵਿੱਚ ਯਿਸ਼ੂ ਨੇ ਬਰਤਿਮਾਈ ਨੂੰ ਚੰਗਾ ਕਰ ਦਿੱਤਾ, ਦਾ ਨਾਟਕ ਤਿਆਰ ਕਰੋ।
- ਵੱਡੇ ਬੱਚੇ ਜਾਂ ਬਾਲਗ ਇੰਨ੍ਹਾਂ ਹਿੱਸਿਆ ਨੂੰ ਕਰਨ ਯਿਸ਼ੂ, ਬਰਤਿਮਾਈ ਅਤੇ ਵਾਚਕ ਬਰਤਿਮਾਈ ਇੱਕ ਪੁਰਾਣਾ ਕੋਟ ਜਾਂ (ਕੋਈ ਪੁਰਾਣੀ ਬੋਰੀ) ਨੂੰ ਪਾ ਲਵੇ। ਬੈਠਣ ਤੋਂ ਪਹਿਲਾਂ ਆਪਣੀਆਂ ਅੱਖਾਂ ਬੰਦ ਕਰ ਲਏ।
- ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ ਚੇਲੇ ਅਤੇ ਲੋਕ

**ਵਾਚਕ:**– ਮੁਰਕੁਮ 10:46–52 ਨੂੰ ਪੜ੍ਹੋ

**ਲੋਕੀ** : ''ਵੇਖੋ! ਯਿਸ਼ੂ ਆ ਰਿਹਾ ਹੈ। ਪਰਮੇਸ਼ਵਰ ਦਾ ਨਜਾਤ ਦਹਿੰਦਾ।

**ਬਰਤਿਮਾਈ** : ''ਯਿਸ਼ੂ, ਦਾਊਦ ਦੇ ਪੁੱਤਰ ਮੇਰੇ ਉੱਤੇ ਤਰਸ ਖਾ।''

**ਲੋਕ:**– ''ਚੁਪ ਚਾਪ ਰਹ। ਉਸ ਮਹਾਨ ਆਦਮੀ ਨੂੰ ਤੰਗ ਨਾ ਕਰ।''

**''ਹੱਟ ਜਾ।** ਅਸੀ ਸੁਣਨਾ ਚਾਹੁੰਦੇ ਹਾ ਕਿ ਯਿਸ਼ੂ ਕੀ ਆਖ ਰਿਹਾ ਹੈ?''

**ਬਰਤਿਮਾਈ:** ''ਦਾਊਦ ਦੇ ਪੁੱਤਰ, ਮੇਰੀ ਉੱਤੇ ਤਰਸ ਖਾ।''

**ਯਿਸ਼ੂ:** ਰੁੱਕ ਜਾਵੇ! (ਯਿਸ਼ੂ ਅਤੇ ਲੋਕੀ ਤੁਰਨਾ ਬੰਦ ਕਰ ਦੇਣ) ਅਤੇ ਆਖੇ, ''ਉਹਨੂੰ ਇੱਥੇ ਸੱਦੋ।''

**ਲੋਕ:**– ਹੋਸ਼ਲਾ ਰੱਖ। ਖੜ੍ਹੋ ਜਾ। ਉਹ ਤੈਨੂੰ ਸੱਦ ਰਿਹਾ ਹੈ। (ਉਹਦਾ ਹੱਥ ਫੜ ਕੇ ਯਿਸ਼ੂ ਕੋਲ ਜਾਉ। ਬਰਤਿਮਾਈ ਆਪਣੀ ਪੁਰਾਣੀ ਸੋਟੀ ਹੇਠਾ ਸੁੱਟ ਦੇਵੇ)

**ਯੀਸ਼ੂ:** ''ਤੂੰ ਮੇਰੇ ਤੋਂ ਕੀ ਚਾਹੁੰਦਾ ਹੈ ਕਿ ਮੈ ਤੇਰੇ ਲਈ ਕਰਾ?''

**ਬਰਤਿਮਾਈ:** ''ਮਹਾਨ ਅਧਿਆਪਕ (ਸਿੱਖਿਆ ਦੇਣ ਵਾਲੇ) ਮੈ ਆਪਣੀ ਰੋਸ਼ਨੀ ਨੂੰ ਪਾਉਣਾ ਚਾਹੁੰਦਾ ਹਾਂ।''

**ਯਿਸ਼ੂ:** (ਉਹਦੀਆ ਅੱਖਾਂ ਨੂੰ ਛੂਹੇ) ਆਖੇ, ਜਾਹ ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕਰ ਦਿੱਤਾ।''

**ਵਾਚਕ:** ''ਛੇਤੀ ਨਾਲ, ਉਸ ਨੇ ਆਪਣੀ ਰੋਸ਼ਨੀ ਨੂੰ ਪਾ ਲਿਆ। ਅਤੇ ਯਿਸ਼ੂ ਦੇ ਪਿੱਛੇ ਸੜਕ ਤੇ ਤੁਰਨ ਲੱਗ ਪਿਆ।

(ਹਰੇਕ ਦਾ ਧੰਨਵਾਦ ਕਰੋ ਜਿੰਨ੍ਹਾਂ ਨੇ ਇਸ ਨਾਟਕ ਵਿੱਚ ਮੱਦਦ ਕੀਤੀ)

ਕਲੀਸਿਯਾ ਦੇ ਅਗਵੇ ਨਾਲ ਮਿਲ ਕੇ ਬੱਚਿਆਂ ਨੂੰ ਇਹ ਨਾਟਕ ਕਰਨ ਦਾ ਪ੍ਰਬੰਧ ਕਰੋ।

- ਬਾਲਿਗਾਂ ਦੀ ਅਰਾਧਨਾ ਵੇਲੇ ਇਹ ਨਾਟਕ ਪੇਸ਼ ਕਰੋ।
- ਬਾਲਿਗਾਂ ਕੋਲੋ ਸ਼ੁਰੂਆਤ ਵਿੱਚ ਇਸ ਪੜ੍ਹਾਈ ਦੇ ਦਿੱਤੇ ਗਏ ਪ੍ਰਸ਼ਨਾਂ ਨੂੰ ਪੁੱਛੋ।
- ਕਵਿਤਾ ਜਾਂ ਹੋਰ ਕੋਈ ਵੀ ਚੀਜ਼, ਜਿਹੜੀ ਉਨ੍ਹਾਂ ਨੇ ਤਿਆਰ ਕੀਤੀ ਹੈ, ਪੇਸ਼ ਕਰਨ।

ਇੱਕ ਅੰਨੇ ਆਦਮੀ ਦੀ ਤਸਵੀਰ ਬਣਾਉ (ਜੇ ਇੱਕ ਸਿਰ ਦੀ ਤਸਵੀਰ ਦਿਖਣ ਵਿੱਚ ਬੁਰੀ ਲਗਈ ਹੈ ਤਾਂ ਫਿਰ ਪੂਰੇ ਬੱਚੇ ਦੀ ਤਸਵੀਰ ਬਣਾਉ)

- ਵੱਡੇ ਬੱਚੇ ਛੋਟਿਆਂ ਦੀ ਮੱਦਦ ਕਰਨ।
- ਇੱਕ ਅੱਖ ਬੰਦ ਕੀਤੀਆਂ ਹੋਈਆਂ ਚਿਹਰੇ ਦੀ ਤਸਵੀਰ ਬਣਾਉ। ਇਹ ਦੱਸਦੀਆਂ ਹਨ ਅਸੀ ਕਿਸ ਤਰ੍ਹਾਂ ਰਹਿਦੇ ਜਦੋ ਸਾਨੂੰ ਯਿਸ਼ੂ ਦੀ ਸ਼ਕਤੀ ਵਿੱਚ ਵਿਸ਼ਵਾਸ ਨਹੀ ਹੁੰਦਾ।
- ਉਹ ਆਪਣੀਆਂ ਤਸਵੀਰਾਂ ਨੂੰ ਬਾਲਿਗਾਂ ਨੂੰ ਦਿਖਾਣ ਅਤੇ ਇਹਦਾ ਮਤਲਬ ਸਮਝਾਉਣ।



**ਕਵਿਤਾ** ਦੋ ਬੱਚੇ ਹਰੇਕ ਬੱਚਾ ਇੱਕ ਆਇਤ ਦੁਹਰਾਏ ਯਸਾਯਾਹ 53:4 ਅਤੇ 5 ਵਿੱਚ।

ਸੱਚ ਮੁੱਚ ਉਸ ਨੇ ਸਾਡੇ ਗਮ ਚੁੱਕ ਲਏ, ਅਤੇ ਸਾਡੇ ਦੁੱਖ ਉਠਾਏ, ਪਰ ਅਸੀਂ ਉਸ ਨੂੰ ਮਰਿਆ ਹੋਇਆਪਰਮੇਸ਼ਵਰ ਦਾ ਕੁੱਟਿਆ ਹੋਇਆ ਅਤੇ ਭੰਨਿਆ ਹੋਇਆ ਸਮਝਿਆ।

ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ।

ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ।

ਸਾਡੀ ਸ਼ਾਤੀ ਲਈ ਉਸ ਉੱਤੇ ਤਾੜਨਾ ਹੋਈ।

ਅਤੇ ਉਸ ਦੇ ਮਾਰ ਖਾਣ ਤੇ ਅਸੀ ਚੰਗੇ (ਨਰੋਏ) ਕੀਤੇ ਗਏ।

ਵੱਡੇ ਬੱਚੇ ਇੱਕ ਕਵਿਤਾ, ਗੀਤ, ਜਾਂ ਛੋਟੀ ਕਹਾਣੀ, ਜਾ ਇੱਕ ਗਵਾਹੀ ਦੇਣ, ਉਸ ਉਦਾਹਰਣ ਦੇ ਬਾਰੇ ਵਿੱਚ, ਉਹਨਾ ਨੇ ਕੀ ਹੁੰਦਾ ਵੇਖਿਆ, ਉਹ ਸਾਨੂੰ ਦਸਦਾ ਹੈ ਕਿਵੇਂ ਯਿਸ਼ੂ ਅੱਜ ਵੀ ਲੋਕਾਂ ਨੂੰ ਚੰਗਾ ਕਰਦਾ ਹੈ।

ਯਾਦ ਕਰੋ ਲੂਕਾ 11:9

**ਪ੍ਰਾਥਨਾ:** ''ਪਿਆਰੇ ਪਰਮੇਸ਼ਵਰ, ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਤੁਸੀ ਸਾਡੀਆਂ ਆਤਮਕ ਅੱਖਾਂ ਅਤੇ ਕੰਨਾਂ ਨੂੰ ਸੁੱਣਨ ਅਤੇ ਵਿਸ਼ਵਾਸ ਲਈ ਖੋਲ੍ਹੀਆਂ, ਅਸੀ ਤੁਹਾਡੀ ਵਡਿਆਈ ਕਰਦੇ ਹਾਂ। ਕਿ ਤੁਸਾਂ ਆਪਣੀ ਸ਼ਕਤੀ ਨਾਲ ਸਾਨੂੰ ਚੰਗਾ ਕਰਦੇ ਹੋ ਅਤੇ ਸਾਨੂੰ ਪਾਪਾਂ ਤੋਂ ਬਚਾਦੇ ਹੋ। ਸਾਡੀ ਮੱਦਦ ਕਰੋ ਕਿ ਅਸੀ ਤੁਹਾਡੀ ਸ਼ਕਤੀ ਵਿੱਚ ਵਿਸ਼ਵਾਸ ਕਰੀਏ ਅਤੇ ਤੁਹਾਨੂੰ ਮਦਦ ਲਈ ਬੁਲਾਂਦੇ ਰਹੀਏ, ਜਿਵੇ ਬਰਤਮਵੀ ਨੇ ਕੀਤਾ।''

Copyright 2004 © by Paul-Timothy. May be freely copied. Download from www.Paul-Timothy.net